ਦਫਤਰ, ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਫੇਜ-3ਬੀ1 (ਸੈਕਟਰ-60) ਐਸ.ਏ.ਐਸ ਨਗਰ(ਮੋਹਾਲੀ)

ਈ-ਮੇਲ:- recruitment@punjabeducation.gov.in ਫੋਨ ਨੰ: 0172-3115378

ਨੰਬਰ:-ਈ-1146456/ਭ.ਡ.(6)/2026253517 ਮਿਤੀ, ਐਸ.ਏ.ਐਸ.ਨਗਰ:- 15-09-2026

ਪਬਲਿਕ ਨੋਟਿਸ

ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਲੈਕਚਰਾਰ ਕਾਡਰ ਦੇ ਵੱਖ-ਵੱਖ ਵਿਸ਼ਿਆਂ ਦੀਆਂ, ਬੈਕਲਾਗ ਦੀਆਂ ਅਸਾਮੀਆਂ ਅਤੇ ਨਵੀਆਂ ਅਸਾਮੀਆਂ ਭਰਨ ਲਈ, ਵਿਗਿਆਪਨਾਂ ਦੀਆਂ ਸ਼ਰਤਾ ਅਨੁਸਾਰ ਲਿਖਤੀ ਟੈਸਟ ਲੈਣ ਲਈ ਪਬਲਿਕ ਨੋਟਿਸ ਨੰਬਰ:ਈ-1159170/ਭ.ਡ.(4)/ਭ.ਡ.(6)/ 2026233623 ਮਿਤੀ 31-08-2026 ਰਾਹੀਂ ਡੇਟਸ਼ੀਟ ਜਾਰੀ ਕੀਤੀ ਗਈ ਸੀ।

ਉਪਰੋਕਤ ਭਰਤੀ ਲਈ ਮਿਤੀ 19.09.2026, 20.09.2026, 26.09.2026 ਅਤੇ 27.09.2026 ਨੂੰ ਹੋਣ ਵਾਲੇ ਲਿਖਤੀ ਪੇਪਰਾਂ ਲਈ ਉਮੀਦਵਾਰਾਂ ਨੂੰ ਰੋਲ ਨੰਬਰ ਜਾਰੀ ਕਰ ਦਿੱਤੇ ਗਏ ਹਨ। ਉਮੀਦਵਾਰ ਆਪਣੇ ਰੋਲ ਨੰਬਰ ਵਿਭਾਗ ਦੀ ਵੈਬਸਾਈਟ erd.punjab.gov.in ਤੇ ਦਿੱਤੇ ਗਏ ਲਿੰਕ ਵਿੱਚੋਂ ਡਾਊਨਲੋਡ ਕਰਕੇ ਪ੍ਰਿੰਟ ਕਰ ਸਕਦੇ ਹਨ। ਜਾਰੀ ਕੀਤੇ ਰੋਲ ਨੰਬਰ ਸਲਿੱਪ ਵਿੱਚ ਪੇਪਰ ਦਾ ਸਮਾਂ, ਸਥਾਨ ਅਤੇ ਪੇਪਰ ਦੇਣ ਲਈ ਹਦਾਇਤਾਂ ਦਰਜ ਹਨ। ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰੋਲ ਨੰਬਰ ਸਲਿੱਪ ਪੇਪਰ ਵਾਲੇ ਦਿਨ ਲੈ ਕੇ ਆਉਣਾ ਯਕੀਨੀ ਬਣਾਉਣਗੇ। ਉਮੀਦਵਾਰ ਰੋਲ ਨੰਬਰ ਸਲਿੱਪ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਲਈ ਪਾਬੰਦ ਹੋਣਗੇ।

15/09/2026.

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ